The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ਼ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

09 August 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ਵਿਚ ਮਿਲਿਆ 700 ਸਾਲ ਪੁਰਾਣਾ ਪਿੰਡ, ਮਿਲੀਆਂ ਕਈ ਸਾਲ ਪੁਰਾਤਨ ਵਸਤਾਂ

## ਖੁਦਾਈ ਦੇ ਦੌਰਾਨ ਮਿਓਰੀ ਪਿੰਡ ਦੇ ਕਈ ਉਪਕਰਨ ਵੀ ਮਿਲੇ ਹਨ, ਜਿਸ ਨਾਲ ਇਥੇ ਰਹਿਣ ਵਾਲੇ ਲੋਕਾਂ ਦੀ ਜੀਵਨਸ਼ੈਲੀ ਦੇ ਬਾਰੇ ਵਿਚ ਵਧੇਰੇ ਜਾਣਕਾਰੀ ਮਿਲਣ ਦੀ ਸੰਭਾਵਨਾ ਹੈ।



ਆਕਲੈਂਡ : ਨਿਊਜ਼ੀਲੈਂਡ ਦੇ ਵਿਗਿਆਨੀਆਂ ਨੇ 14ਵੀਂ ਸਦੀ ਵਿਚ ਵਸੇ 700 ਸਾਲ ਪੁਰਾਣੇ ਪਿੰਡ ਦਾ ਪਤਾ ਲਗਾਇਆ ਹੈ। ਖੁਦਾਈ ਦੇ ਦੌਰਾਨ ਮਿਓਰੀ ਪਿੰਡ ਦੇ ਕਈ ਉਪਕਰਨ ਅਤੇ ਖਦਾਨਾਂ ਵੀ ਮਿਲੀਆਂ ਹਨ, ਜਿਸ ਨਾਲ ਇਥੇ ਰਹਿਣ ਵਾਲੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਵਧੇਰੇ ਜਾਣਕਾਰੀ ਮਿਲਣ ਦੀ ਸੰਭਾਵਨਾ ਹੈ, 2.5 ਮੀਟਰ ਖੁਦਾਈ ਵਿਚ ਮੋਆ ਚਿੜੀ ਦੀਆਂ ਹੱਡੀਆਂ ਅਤੇ ਹੋਰ ਕਈ ਪਦਾਰਥ ਮਿਲੇ ਹਨ, ਜਿਨ੍ਹਾਂ ਵਿਚ ਮੱਛੀਆਂ ਨੂੰ ਫੜਨ ਵਾਲੇ ਕੰਢੇ ਵੀ ਸ਼ਾਮਲ ਹਨ। ਇਹ ਸਥਾਨ ਨਦੀ ਦੇ ਪੁਰਾਣੇ ਡੁੱਬ ਚੁੱਕੇ ਖੇਤਰ ਦੇ ਕਿਨਾਰੇ 'ਤੇ ਸਥਿਤ ਹੈ। ਲਾਵਾ ਕੰਚ (ਜਵਾਲਾਮੁਖੀ ਕੰਚ) ਜਾਂ ਚਕਮਕ ਦਾ ਇਸਤੇਮਾਲ ਸ਼ੁਰੂਆਤ ਵਿਚ ਮਿਓਰੀ ਵਿਚ ਰਹਿਣ ਵਾਲੇ ਲੋਕ ਕਟਾਈ ਉਪਕਰਨ ਦੇ ਰੂਪ ਵਿਚ ਕਰਦੇਸਨ, ਅਨੁਮਾਨ ਦੇ ਅਨੁਸਾਰ ਬਰਾਮਦ ਕੀਤੀ ਗਈ ਸਮੱਗਰੀ ਦਾ ਇਸਤੇਮਾਲ 1300 ਦੇ ਸ਼ੁਰੂਆਤੀ ਸਾਲਾਂ ਵਿਚ ਕੀਤਾ ਜਾਂਦਾ ਸੀ, ਨਿਊਜ਼ੀਲੈਂਡ ਵਿਚ ਓਟਾਗੋ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਿਚਰਡ ਵਾਟਰ ਨੇ ਦੱਸਿਆ ਕਿ ਖੁਦਾਈ ਵਿਗਿਆਨੀਆਂ ਅਤੇ ਸਭਿਆਚਾਰ ਤੋਂ ਮਹੱਤਵਪੂਰਨ ਹਨ। ਵਾਲਟਰ ਨੇ ਦੱਸਿਆ ਕਿ ਅਸੀਂ ਸਮੁੰਦਰ ਦੇ ਤੱਟ ਦੇ ਇਸੇ ਹਿੱਸੇ ਦੇ ਨੇੜੇ ਤੇੜੇ ਖੁਦਾਈ ਦੇ ਖੇਤਰ ਵਿਚ ਸ਼ੁਰੂਆਤੀ ਜੀਵਨ ਦੀ ਖੋਜ ਦੀ ਜਾਣਕਾਰੀ ਇਕੱਠੇ ਕਰ ਰਹੇ ਸਨ, ਇਸ ਖੁਦਾਈ ਵਿਚ ਬਹੁਤ ਕੁਝ ਹ ਇਸ ਤੋਂ 700 ਸਾਲ ਪੁਰਾਣੇ ਸਭਿਆਚਾਰ ਦੀ ਅੱਮਲ ਜਾਣਕਾਰੀ ਹਾਸਲ ਹੋਵੇਗੀ।

## ਆਕਲੈਂਡ ਵਿਖੇ ਟਰੱਕ ਨਾਲ ਟਕਰਾਉਣ ਕਾਰਨ ਸਾਈਕਲ ਸਵਾਰ ਜ਼ਖਮੀ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਆਕਲੈਂਡ ਦੇ ਮੋਟਰਵੇਅ ਨੈਟਵਰਕ ਵਿਚ ਦੋ ਹਾਦਸ ਅੱਜ ਸਵੇਰੇ ਵਾਪਰੇ। ਪਹਿਲਾ ਹਾਦਸੇ ਵੈਨੂਈ ਰੋਡ ਸਿਲਵਰਡੇਲ ਵਿਖੇ ਹੋਇਆ ਜਿਸ ਵਿਚ ਇੱਕ ਟਰੱਕ ਨਾਲ ਟਕਰਾਉਣ ਕਾਰਨ ਇੱਕ ਸਾਈਕਲ ਸਵਾਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਇਹ ਘਟਨਾ ਸਵੇਰੇ 8.15 ਵਜੇ ਵਾਪਰੀ। ਵੈਨੂਈ ਰੋਡ ਸਿਲਵਰਡੇਲ ਸਟੇਟ ਅਤੇ ਵਾਟਰਲੂ ਰੋਡ ਦੇ ਨੇੜੇ ਹੋਈ।

## ਆਕਲੈਂਡ ਦੇ ਮੇਅਰ ਦੀ ਤਨਖਾਹ ਵਿਚ ਹੋਇਆ ਵਾਧਾ

### ਫਿਲ ਗੋਫ ਦੀ ਸਲਾਨਾ ਤਨਖਾਹ ਲਗਭਗ 280,000 ਡਾਲਰ ਹੋਈ

ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਆਕਲੈਂਡ ਦੇ ਮੇਅਰ ਫਿਲ ਗੋਫ ਦੀ ਤਨਖਾਹ ਵਿਚ 5500 ਡਾਲਰ ਦਾ ਵਾਧਾਂ ਹੋਇਆ ਹੈ, ਜਿਸ ਨਾਲ ਹੁਣ ਉਨ੍ਹਾਂ ਦੀ ਤਨਖਾਹ 279,562 ਹੋ ਗਈ ਹੈ। ਦੇਸ਼ ਦੇ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਸਥਾਂਨਕ ਬਜ਼ੁਰਗ ਸਿਆਸਤਦਾਨਾਂ, ਕੌਂਸਲਰਾਂ ਅਤੇ ਅਥਾਰਿਟੀਆਂ ਦੁਆਰਾ ਨਿਰਧਾਰਤ ਸਥਾਨਕ ਬੋਰਡ ਦੇ ਮੈਂਬਰਾਂ ਵੱਲੋਂ ਤਨਵਾਹ ਵਿਚ ਵਾਧਾ ਕੀਤਾ ਗਿਆ ਹੈ। ਡਿਪਟੀ ਮੇਅਰ ਬਿਲ ਕੈਸ਼ਮੋਰ ਦੀ ਤਨਖਾਹ ਵਿਚ 3000 ਡਾਲਰ ਦਾ ਵਾਧਾ ਹੋਇਆ ਹੈ ਜਿਸ ਨਾਲ ਹੁਣ ਉਨ੍ਹਾਂ ਦੀ ਤਨਖਾਹ 157,518 ਗਈ ਹੈ। ਇਸੇ ਤਰ੍ਹਾਂ ਮੁੱਖ ਕਮੇਟੀ ਚੇਅਰਜ਼ ਨੂੰ 2500 ਡਾਲਰ ਨਾਲ 130,030 ਪ੍ਰਾਪਤ ਹੋਵੇਗੀ ਅਤੇ ਕੌਂਸਲਰ ਨੂੰ 2100 ਡਾਲਰ ਵਾਧੇ ਾਲ 109,750 ਡਾਲਰ ਤਨਖਾਹ ਪ੍ਰਾਪਤ ਹੋਵੇਗ



## ਸੰਯੁਕਤ ਅਰਬ ਅਮੀਰਾਤ 'ਚ ਭਾਰਤੀ ਨੇ ਜਿੱਤੀ 18 ਕਰੋੜ ਦੀ ਲਾਟਰੀ

ਅਬੂਧਾਬੀ— ਸੰਯੁਕਤ ਅਰਬ ਅਮੀਰਾਤ 'ਚ ਰਹਿ ਰਹੇ ਭਾਰਤੀ ਵੀ. ਯੋਹਾਨਨ ਸਾਇਮਨ ਦੀ ਸ਼ੁੱਕਰਵਾਰ ਨੂੰ ਇਕ ਕਰੋੜ ਦਿਰਹਮ (ਕਰੀਬ 18 ਕਰੋੜ) ਦੀ ਲਾਟਰੀ ਨਿਕਲੀ। ਇਸ ਬਿਗ ਟਿਕਟ ਲਾਟਰੀ ਦਾ ਡ੍ਰਾਅ ਅਬੂਧਾਬੀ ਅੰਤਰਰਾਸ਼ਟਰੀ ਏਅਰੋਪਰਟ 'ਤੇ ਕੱਢਿਆ ਗਿਆ। ਲਾਟਰੀ ਜਿੱਤਣ ਤੋਂ ਬਾਅਦ ਸਾਇਮਨ ਨੇ ਕਿਹਾ, 'ਪਹਿਲਾਂ ਮੈਨੂੰ ਲੱਗਾ ਕਿ ਕੋਈ ਮੇਰੇ ਨਾਲ ਮਜ਼ਾਕ ਕਰ ਰਿਹਾ ਹੈ ਪਰ ਇਹ ਸੱਚ ਹੈ। ਮੈਂ ਕਾਫੀ ਖੁਸ਼ ਹਾਂ।' ਇਸ ਲਾਟਰੀ ਦੇ ਚੋਟੀ ਦੇ 10 ਜੇਤੂਆਂ 'ਚੋਂ 9 ਭਾਰਤੀ ਹਨ। ਇਸ ਹਫਤੇ ਦੀ ਸ਼ੁਰੂਆਤ 'ਚ ਇਕ ਹੋਰ ਭਾਰਤੀ ਸੰਦੀਪ ਮੇਨਨ ਨੇ ਦੁਬਈ ਡਿਊਟੀ ਫ੍ਰੀ ਲਾਟਰੀ 'ਚ 10 ਲੱਖ ਡਾਲਰ ਦੀ ਰਕਮ ਜਿੱਤੀ ਸੀ। ਇਕ ਹੋਰ ਭਾਰਤੀ ਸੰਦੀਪ ਬੋਸ ਨੇ ਇਕ ਬੀ.ਐੱਮ.ਡਬਲਿਊ. ਕਾਰ ਜਿੱਤੀ ਸੀ।

## ਇੱਕ ਪਹੀਆ ਸਾਇਕਲ ਨਾਲ ਪੂਰੀ ਦੁਨੀਆਂ ਘੁੰਮ ਆਇਆ ਇਹ ਨੌਜਵਾਨ, ਕਰੋੜਾਂ ਰੁਪਏ ਵੀ ਕੀਤੇ ਇਕੱਠੇ

ਬ੍ਰਿਟੇਨ — ਹਰ ਕਿਸੇ ਦਾ ਸੁਪਨਾ ਹੁੰਦਾ ਹੈ ਕਿ ਉਹ ਪੂਰੀ ਦੁਨੀਆ ਘੁੰਮੇ। ਇਸ ਸੁਪਨੇ ਨੂੰ ਸਾਰੇ ਤਾਂ ਸੱਚ ਨਹੀਂ ਕਰ ਪਾਉਂਦੇ ਪਰ ਬ੍ਰਿਟੇਨ ਦੇ 21 ਸਾਲਾ ਨੌਜਵਾਨ ਨੇ ਆਪਣਾ ਇਹ ਸੁਪਨਾ ਪੂਰਾ ਕੀਤਾ ਹੈ। ਉਸ ਨੇ ਇਕ ਪਹੀਆ ਸਾਇਕਲ ਨਾਲ 3 ਸਾਲਾਂ ਵਿਚ ਪੂਰੀ ਦੁਨੀਆ ਦਾ ਚੱਕਰ ਲਗਾਇਆ। ਇਸ ਦੌਰਾਨ ਨੌਜਵਾਨ ਨੇ ਚੈਰਿਟੀ ਲਈ ਢਾਈ ਕਰੋੜ ਤੋਂ ਜ਼ਿਆਦਾ ਦਾ ਫੰਡ ਵੀ ਇਕੱਠਾ ਕੀਤਾ। ਇਸ ਤਰ੍ਹਾਂ ਪੂਰੀ ਕੀਤੀ ਯਾਤਰਾ ਬ੍ਰਿਟੇਨ ਦਾ ਨੌਜਵਾਨ ਐੱਡ ਪ੍ਰੈਟ ਦੁਨੀਆ ਦਾ ਪਹਿਲਾ ਵਿਅਕਤੀ ਬਣ ਗਿਆ ਹੈ, ਜਿਸ ਨੇ ਇਹ ਯਾਤਰਾ ਬਿਨਾਂ ਕਿਸੇ ਸਮਰਥਨ ਦੇ ਪੂਰੀ ਕੀਤੀ ਹੈ। ਮਾਰਚ 2015 ਵਿਚ ਐੱਡ ਪ੍ਰੈਟ ਨੇ 19 ਸਾਲ ਦੀ ਉਮਰ ਵਿਚ ਟਾਊਟਨ ਸਥਿਤ ਸਮਰਸੈੱਟ ਤੋਂ ਆਪਣੀ 21 ਹਜ਼ਾਰ ਮੀਲ ਦੀ ਯਾਤਰਾ ਇਕ ਪਹੀਆ ਸਾਇਕਲ ਨਾਲ ਸ਼ੁਰੂ ਕੀਤੀ ਸੀ। ਉਸ ਨੇ ਆਪਣੇ ਨਾਲ ਜ਼ਰੂਰਤ ਦੇ ਸਾਮਾਨ ਦੇ ਤੌਰ 'ਤੇ 36 ਇੰਚ ਦੀ ਨਿੰਬਸ ਓਰੇਕਲ ਯੂਨੀਸਾਇਕਲ ਨਾਲ ਜੁੜੇ ਪੈਨੀਅਰ ਵਿਚ ਇਕ ਤੰਬੂ, ਸੌ ਬੈਗਿੰਗ, ਸਟੋਵ, ਕੁਝ ਖਾਣੇ ਦਾ ਸਾਮਾਨ ਰੱਖਿਆ ਸੀ। ਉਸ ਨੇ ਇਹ ਯਾਤਰਾ ਬਿਨਾਂ ਕਿਸੇ ਮਦਦ ਅਤੇ ਸਮਰਥਨ ਦੇ ਪੂਰੀ ਕੀਤੀ। ਐੱਡ ਨੇ ਇਸ ਸਫਰ ਦੀਆਂ ਤਸਵੀਰਾਂ ਵੀ ਸੋਸ਼ਲ ਸਾਈਟ 'ਤੇ ਪੋਸਟ ਕੀਤੀਆਂ ਹਨ। ਇਨ੍ਹਾਂ ਵਿਚੋਂ ਕੁਝ ਤਸਵੀਰਾਂ ਕਈ ਦੇਸ਼ਾਂ ਦੀਆਂ ਖਾਸ ਥਾਵਾਂ 'ਤੇ ਲਈਆਂ ਗਈਆਂ ਹਨ। ਇਨ੍ਹਾਂ ਦੇਸ਼ਾਂ ਵਿਚ ਐੱਡ ਪ੍ਰੈਟ ਆਪਣੀ ਸਾਇਕਲ ਜ਼ਰੀਏ ਦੱਖਣੀ ਏਸ਼ੀਆ ਅਤੇ ਯੂਰਪ ਦੇ 20 ਤੋਂ ਜ਼ਿਆਦਾ ਦੇਸ਼ਾਂ ਵਿਚ ਗਿਆ। ਐੱਡ ਆਪਣੀ ਯਾਤਰਾ ਦੌਰਾਨ ਚੀਨ, ਸਿੰਗਾਪੁਰ, ਯੂਰਪ ਦੇ ਤੁਰਕੀ, ਜਾਰਜੀਆ, ਅਜ਼ਰਬੈਜਾਨ, ਕਜ਼ਾਕਿਸਤਾਨ, ਕਿਰਗਿਸਤਾਨ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਫਿਰ ਅਮਰੀਕਾ ਪਹੁੰਚਿਆ। ਨਿਊਯਾਰਕ ਤੋਂ ਐਡਨਬਰਗ ਗਿਆ ਅਤੇ ਫਿਰ ਆਪਣੀ ਯਾਤਰਾ ਦੀ ਸਮਾਪਤੀ ਸਮਰਸੈੱਟ ਵਿਚ ਕੀਤੀ। ਉਹ ਡੇਢ ਦਰਜਨ ਦੇਸ਼ਾਂ ਦੇ ਕਰੀਬ 45 ਤੋਂ ਜ਼ਿਆਦਾ ਸ਼ਹਿਰਾਂ ਵਿਚੋਂ ਲੰਘਿਆ।



### ਚੈਰਿਟੀ ਲਈ ਇਕੱਠੀ ਕੀਤੀ ਢਾਈ ਕਰੋੜ ਤੋਂ ਜ਼ਿਆਦਾ ਰਾਸ਼ੀ

ਐੱਡ ਪ੍ਰੈਟ ਨੇ ਇੰਨੀ ਛੋਟੀ ਉਮਰ ਵਿਚ ਚੈਰਿਟੀ ਲਈ ਰਾਸ਼ੀ ਇਕੱਠਾ ਕਰਨ ਦਾ ਵੀ ਕੰਮ ਕੀਤਾ। ਉਸ ਨੇ ਪੂਰੀ ਦੁਨੀਆ ਵਿਚ ਘੁੰਮ ਕੇ 2 ਕਰੋੜ 69 ਲੱਖ 81 ਹਜ਼ਾਰ ਤੋਂ ਜ਼ਿਆਦਾ ਦੀ ਰਾਸ਼ੀ ਇਕੱਠੀ ਕੀਤੀ। ਹੁਣ ਇਹ ਰਾਸ਼ੀ ਗਰੀਬ ਬੱਚਿਆਂ ਦੀ ਪੜ੍ਹਾਈ, ਇਲਾਜ ਅਤੇ ਉਨ੍ਹਾਂ ਦੇ ਬਿਹਤਰ ਭਵਿੱਖ ਲਈ ਵਰਤੀ ਜਾਵੇਗੀ।

## ਅਜੀਬ ਫੈਸ਼ਨ ਦੇਖ ਲੋਕ ਪਏ ਚੱਕਰਾਂ 'ਚ ਪਏ





ਹਾਲੀਵੁੱਡ ਅਭਿਨੇਤਰੀ ਤੇ ਵਿਸ਼ਵ ਪ੍ਰਸਿੱਧ ਗਾਇਕਾ ਜੈਨੀਫਰ ਲੋਪੇਜ਼ ਨਵੇਂ-ਨਵੇਂ ਧਮਾਕੇ ਕਰਨ ਲਈ ਪਛਾਣੀ ਜਾਂਦੀ ਹੈ। ਕੁਝ ਦਿਨ ਪਹਿਲਾਂ ਆਪਣਾ 49ਵਾਂ ਜਨਮਦਿਨ ਮਨਾਉਣ ਵਾਲੀ ਜੈਨੀਫਰ ਲੋਪੇਜ਼ ਦਾ ਸਟਾਈਲ ਤੇ ਸਵੈਗ ਦੇਖ ਕੇ ਉਸ ਦੀ ਉਮਰ ਦਾ ਅੰਦਾਜ਼ਾ ਹੀ ਨਹੀਂ ਲੱਗਦਾ ਪਰ ਹਾਲ ਹੀ 'ਚ ਉਸ ਨੇ ਨਿਊਯਾਰਕ ਦੀਆਂ ਸੜਕਾਂ 'ਤੇ ਉਸ ਸਮੇਂ ਤਹਿਲਕਾ ਮਚਾ ਦਿੱਤਾ, ਜਦੋਂ ਉਸ ਨੇ ਅਨੋਖੇ ਕਿਸਮ ਦੇ ਬੂਟ ਪਹਿਨੇ।ਜੈਨੀਫਰ ਲੋਪੇਜ਼ ਦੇ ਇਹ ਡੈਨਿਮ ਬੂਟ ਇੰਨੇ ਅਨੋਖੇ ਸਨ ਕਿ ਹਰ ਕੋਈ ਇਨ੍ਹਾਂ ਨੂੰ ਦੇਖਦਾ ਹੀ ਰਹਿ ਗਿਆ। ਹਾਲੀਵੁੱਡ ਅਭਿਨੇਤਰੀ ਜੈਨੀਫਰ ਲੋਪੇਜ਼ ਦੇ ਇਹ ਬੂਟ ਸਿਰ ਨੂੰ ਚੱਕਰ ਦੇਣ ਵਾਲੇ ਸਨ। ਇਹ ਵਰਸਾਚੇ ਬ੍ਰੈਂਡ ਦੇ ਲੌਂਗ ਡੈਨਿਮ ਬੂਟ ਹਨ।ਇਨ੍ਹਾਂ 'ਤੇ ਪੁਲਸ ਦਾ ਬੈਜ ਵੀ ਲੱਗਾ ਹੈ। ਸੋਸ਼ਲ ਮੀਡੀਆ 'ਤੇ ਜੈਨੀਫਰ ਲੋਪੇਜ਼ ਦੇ ਇਹ ਬੂਟ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਤੇ ਇਸ ਨੂੰ ਲੈ ਕੇ ਉਸ ਦਾ ਕਈ ਤਰੀਕਿਆਂ ਨਾਲ ਮਜ਼ਾਕ ਵੀ ਬਣਾਇਆ ਜਾ ਰਿਹਾ ਹੈ ਪਰ ਜੈਨੀਫਰ ਲੋਪੇਜ਼ ਤਾਂ ਆਪਣੇ ਖਾਸ ਤਰ੍ਹਾਂ ਦੇ ਫੈਸ਼ਨ ਲਈ ਪਛਾਣੀ ਜਾਂਦੀ ਹੈ, ਉਸ ਨੂੰ ਕਿਸੇ ਦੀ ਪਰਵਾਹ ਕਿਥੇ।ਵਾਕਈ ਇਹ ਬੂਟ ਤਾਂ ਕੁਝ ਅਜਿਹੇ ਅੰਦਾਜ਼ ਦੇ ਹਨ ਕਿ ਇਨ੍ਹਾਂ ਨੂੰ ਪਹਿਨਣ ਤੋਂ ਬਾਅਦ ਪੈਂਟ ਦੀ ਜ਼ਰੂਰਤ ਹੀ ਨਹੀਂ। ਜੈਨੀਫਰ ਲੋਪੇਜ਼ ਨੇ ਵੀ ਕੁਝ ਅਜਿਹਾ ਹੀ ਕੀਤਾ ਹੈ

## ਅਮਰੀਕਾ 'ਚ ਕਿਸਤੀ ਦੇ ਚਲਾ ਰਿਹਾ ਵਿਅਕਤੀ ਤੂਫਾਨ 'ਚ ਫਸਿਆ, ਪਹੁੰਚ ਗਿਆ ਰੂਸ

ਵਾਸ਼ਿੰਗਟਨ — ਇਕ ਅਮਰੀਕੀ ਵਿਅਕਤੀ ਛੋਟੀ ਕਿਸ਼ਤੀ ਦੇ ਸਹਾਰੇ ਅਮਰੀਕਾ ਦੇ ਅਲਾਸਕਾ ਸ਼ਹਿਰ ਤੋਂ ਰੂਸ ਪਹੁੰਚ ਗਿਆ। ਅਣਜਾਣੇ 'ਚ ਉਸ ਨੇ 1800 ਤੋਂ ਜ਼ਿਆਦਾ ਕਿ.ਮੀ. ਤੱਕ ਦੀ ਦੂਰੀ ਤੈਅ ਕਰ ਲਈ ਅਤੇ ਉਸ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ। ਰਸ਼ੀਅਨ ਮੀਡੀਆ ਨੇ ਆਖਿਆ ਕਿ ਬਾਰਡਰ ਗਾਰਡ (ਸਰਹੱਦ 'ਤੇ ਲੱਗੇ ਸੁਰੱਖਿਆ ਕਰਮੀ) ਨੇ ਚੁਕੋਤਸਾ ਰਾਜ 'ਚ ਸਮੁੰਦਰੀ ਤੱਟ ਕੋਲ ਵਸੇ ਲਾਵਰੇਂਟੀਆ ਨਾਂ ਦੇ ਪਿੰਡ 'ਚ ਉਸ ਕਿਸ਼ਤੀ ਨੂੰ ਰੋਕਿਆ। ਰੂਸ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰੀ ਮਾਰੀਆ ਜਕਾਰੋਵਾ ਨੇ ਆਖਿਆ ਕਿ ਅਮਰੀਕੀ ਵਿਅਕਤੀ ਦਾ ਨਾਂ ਜਾਨ ਮਾਰਟਿਨ ਵਿਲੀਅਮ ਹੈ ਅਤੇ ਉਸ ਦੀ ਉਮਰ 46 ਸਾਲ ਦੀ ਹੈ ਅਤੇ ਉਹ ਅਲਾਸਕਾ ਦੇ ਅੰਕੋਰੇਜ ਦਾ ਰਹਿਣ ਵਾਲਾ ਹੈ।ਜਕਾਰੋਵਾ ਮੁਤਾਬਕ ਜਾਂਚ 'ਚ ਸਾਹਮਣੇ ਆਇਆ ਹੈ ਕਿ ਉਹ ਅਲਾਸਕਾ 'ਚ ਯੂਕੋਨ ਨਦੀ 'ਚ ਆਪਣੀ ਛੋਟੀ ਕਿਸ਼ਤੀ ਚਲਾ ਰਿਹਾ ਸੀ। 2 ਹਫਤੇ ਪਹਿਲਾਂ ਉਸ ਨੇ ਸਮੁੰਦਰ 'ਚ ਕਿਸ਼ਤੀ ਚਲਾਉਣ ਦਾ ਫੈਸਲਾ ਕੀਤਾ। ਇੱਥੇ ਖਰਾਬ ਮੌਸਮ ਅਤੇ ਤਕਨੀਕ ਦੀ ਕਮੀ ਕਾਰਨ ਉਹ ਰਾਹ ਭੱਟਕ ਗਿਆ ਅਤੇ ਕਿਸ਼ਤੀ ਚਲਾਉਂਦਾ-ਚਲਾਉਂਦਾ ਉਹ ਰੂਸ 'ਚ ਐਂਟਰ ਕਰ ਗਿਆ।